ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ ਮੈਥ ਸੈੱਲ/09/68499-68582
ਮਿਤੀ ਚੰਡੀਗੜ੍ਹ 22 ਸਤੰਬਰ, 2009

ਵਿਸ਼ਾ ਸਕੂਲੀ ਅਧਿਆਪਕਾਂ ਦਾ ਪੰਜਾਬ ਰਾਜ ਦੇ ਦੂਜੇ ਮਹਿਕਮਿਆਂ ਵੱਲੋਂ ਕਰਵਾਏ ਜਾ ਰਹੇ ਸਰਵੇ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਇਸ ਦਫਤਰ ਵੱਲੋਂ ਵਾਰ ਵਾਰ ਹਦਾਇਤਾਂ ਦੇਣ ਦੇ ਬਾਵਜੂਦ ਵੀ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਪੰਜਾਬ ਰਾਜ ਦੇ ਦੂਜੇ ਮਹਿਕਮਿਆਂ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਮੁਤਾਬਿਕ ਅਧਿਆਪਕਾਂ ਨੂੰ ਸਰਵੇ ਕਰਨ ਦੀ ਡਿਉਟੀ ਤੇ ਲਗਾ ਦਿੱਤਾ ਜਾਂਦਾ ਹੈ ਜਿਸ ਨਾਲ ਅਧਿਆਪਕਾਂ ਦੇ ਸਕੂਲ ਵਿੱਚੋ ਗੈਰ ਹਾਜ਼ਰ ਰਹਿਣ ਕਰਕੇ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ ।

3.0 ਪਿਛਲੇ ਦਿਨੀ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਠਿੰਡਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਸਾਇੰਸ ਸੁਪਰਵਾਇਜਰ ਵੱਲੋ ਆਪਣੀ ਪੱਧਰ ਤੇ ਹੀ ਅਧਿਆਪਕਾਂ ਨੂੰ ਪਿੰਡਾਂ ਵਿੱਚ ਨਿੰਮ ਅਤੇ ਡੇਕ ਦੇ ਦਰਖਤਾਂ ਦੀ ਗਿਣਤੀ ਕਰਨ ਦੀ ਡਿਉਟੀ ਲਗਾ ਦਿੱਤੀ । ਅਧਿਆਪਕਾਂ ਨੂੰ ਇਹੋ ਜਿਹੀ ਡਿਉਟੀ ਤੇ ਲਗਾਉਣਾ ਨਾ ਸਿਰਫ ਮਜਾਕ ਦਾ ਵਿਸ਼ਾ ਬਣਦਾ ਹੈ ਬਲਕਿ ਅਧਿਆਪਕਾਂ ਨੂੰ ਬੇਲੋੜੀ ਡਿਊਟੀ ਤੇ ਲਗਾਉਣ ਨਾਲ ਅਧਿਆਪਕਾਂ ਦੇ ਆਪਣੇ ਕੰਮ ਵਿੱਚ ਹਰਜ਼ਾ ਹੁੰਦਾ ਹੈ ।

4.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਲਿਖਤੀ ਹਦਾਇਤਾ ਜਾਰੀ ਕੀਤੀਆਂ ਜਾਂਦੀਆਂ ਹਨ ਕਿ ਜੇਕਰ ਦੂਜੇ ਮਹਿਕਮਿਆਂ ਵੱਲੋ ਕੋਈ ਵੀ ਹਦਾਇਤਾਂ ਆਪ ਜੀ ਨੂੰ ਮਿਲਦੀਆਂ ਹਨ ਤਾਂ ਮੁੱਖ ਦਫਤਰ ਤੋਂ ਇਸ ਬਾਰੇ ਅਗੇਤ ਪ੍ਰਵਾਨਗੀ ਲੈਣ ਤੋ ਬਾਅਦ ਹੀ ਅਧਿਆਪਕਾਂ ਨੂੰ ਕੋਈ ਡਿਊਟੀ ਸੌਂਪੀ ਜਾਵੇ ।

5.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਨੂੰ ਯਕੀਨੀ ਬਣਾਇਆ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :-

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)
2. ਮੰਡਲ ਸਿੱਖਿਆ ਅਫਸਰ
3. ਰਾਜ ਦੇ ਸਮਹ ਜ਼ਿਲ੍ਹਾ ਸਾਇੰਸ ਸੁਪਰਵਾਇਜਰ
4. ਰਾਜ ਦੇ ਸਮੂਹ ਪੜ੍ਹੋ ਪੰਜਾਬ ਕੋਆਰਡੀਨੇਟਰ
5. ਜ਼ਿਲ੍ਹਾ ਸਾਇੰਸ ਸੁਪਰਵਾਇਜਰ, ਬਠਿੰਡਾ ਨੂੰ ਵਿਸ਼ੇਸ਼ ਤੌਰ ਤੇ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹਨਾਂ ਵੱਲੋਂ ਸਕੂਲਾਂ ਨੂੰ ਕੀਤੀਆਂ ਗਈਆਂ ਹਦਾਇਤਾਂ ਨੂੰ ਤੁਰੰਤ ਵਾਪਸ ਲਿਆ ਜਾਵੇ ।